08-Dec-PTA-FGS-Pages.qxd 12/8/2024 11:21 AM Page 8

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ

ਰੇਡੀਓ



ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ **9 ਦਸੰਬਰ** ਨੂੰ ਸ਼ਾਮ 4.00 ਤੋਂ 6.00 ਵਜੇ ਤੱਕ **ਭਾਈ ਸ਼ੌਕੀਨ ਸਿੰਘ** ਅਤੇ **10 ਦਸੰਬਰ** ਨੂੰ ਸਵੇਰੇ 4.00 ਤੋਂ 6.00 ਵਜੇ ਤੱਕ **ਭਾਈ ਦਵਿੰਦਰ ਸਿੰਘ** 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

ਪੀ. ਟੀ. ਸੀ.

ਪੀ. ਟੀ. ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ 9 **ਦਸੰਬਰ** ਨੂੰ ਸ਼ਾਮ 4.30 ਤੋਂ 6.30 ਵਜੇ ਤੱਕ **ਭਾਈ ਸ਼ੌਕੀਨ ਸਿੰਘ** ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' **ਭਾਈ ਸਾਹਿਬ ਸਿੰਘ** ਤੇ **10 ਦਸੰਬਰ** ਨੂੰ ਸਵੇਰੇ 4.00 ਵਜੇ ਤੋਂ 7.45 ਵਜੇ ਤੱਕ **ਭਾਈ ਦਵਿੰਦਰ ਸਿੰਘ** ਅਤੇ **ਭਾਈ ਗੁਰਸੇਵਕ ਸਿੰਘ** ਕੀਰਤਨ ਕਰਨਗੇ।

ਐਸ. ਜੀ. ਪੀ. ਸੀ. ਵੈੱਬ ਚੈਨਲ 'ਤੇ ਸਵੇਰੇ 4.00 ਵਜੇ ਤੋਂ 8.30 ਵਜੇ ਤੱਕ, ਦੁਪਹਿਰ 12.30 ਵਜੇ ਤੋਂ 2.20 ਵਜੇ ਤੱਕ ਅਤੇ ਸ਼ਾਮ 5.30 ਵਜੇ ਤੋਂ 7.30 ਵਜੇ ਤੱਕ ਸਿੱਧਾ ਪ੍ਰਸਾਰਨ ਹੁੰਦਾ ਹੈ। ਐਸ. ਜੀ. ਪੀ. ਸੀ. ਦੇ ਮੋਬਾਈਲ ਐਪ ਤੋਂ ਅੰਮ੍ਰਿਤ ਵੇਲੇ ਤੋਂ ਸੁਖ ਆਸਨ ਤੱਕ ਦਾ ਪੂਰਾ ਸਮਾਗਮ ਸੁਣਿਆ ਜਾ ਸਕਦਾ ਹੈ।

ਮੁੱਖ ਵਾਕ ਦੀ ਕਥਾ : 9 ਦਸੰਬਰ ਨੂੰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਤੇ 10 ਦਸੰਬਰ ਨੂੰ ਗਿਆਨੀ ਗੁਰਲਾਲ ਸਿੰਘ ਮੀਰਾਂਕੋਟ, ਗੁ: ਮੰਜੀ ਸਾਹਿਬ ਦੀਵਾਨ ਹਾਲ, ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸਵੇਰੇ 7.45 ਵਜੇ ਤੋਂ 8.30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।

ਸਿਹਤ ਵਿਭਾਗ ਵਲੋਂ ਐਤਵਾਰ ਨੂੰ ਨੈਸ਼ਨਲ ਪਲਸ ਪੋਲੀਓ ਰਾਊਂਡ ਤਹਿਤ ਮੁਹਿੰਮ ਚਲਾਈ ਗਈ। ਜਿਸ ਦੌਰਾਨ ਇੰਸਪੈਕਟਰ ਸਤਿਆਪਾਲ ਬੈਂਸ ਅਤੇ ਉਨ੍ਹਾਂ ਦੇ ਟੀਮ ਮੈਂਬਰ ਬਲਜੀਤ ਸਿੰਘ ਤੇ ਜਗਬੀਰ ਸਿੰਘ ਪਿੰਡ ਲੁਹਾਰੀ ਕਲਾਂ ਅਤੇ ਗੰਡੂਆਂ ਕਲਾਂ ਦੇ ਖੇਤਰ ਵਿਚ ਸਥਿਤ ਭੱਠੇ 'ਤੇ ਰਹਿੰਦੀ ਪ੍ਰਵਾਸੀ ਲੇਬਰ ਦੇ ਬੱਚਿਆਂ ਨੂੰ ਪੋਲੀਓ ਦੀ ਬੂੰਦਾਂ ਪਿਲਾਉਂਦੇ ਹੋਏ। ਵੇਰਵਾ: ਮੌਦਗਿਲ, ਅਜੀਤ ਤਸਵੀਰ

ਪੈਨਸ਼ਨਰਜ਼ ਅਤੇ ਸੀਨੀਅਰ ਸਿਟੀਜ਼ਨ ਵੈੱਲਫੇਅਰ ਸੁਸਾਇਟੀ ਦੀ ਮੀਟਿੰਗ ਉਪਰੰਤ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਜੀਤ ਸਿੰਘ ਤੇ ਹੋਰ। ਅਜੀਤ ਤਸਵੀਰ

ਪੈਨਸ਼ਨਰਜ਼ ਤੇ ਸੀਨੀਅਰ ਸਿਟੀਜ਼ਨ ਵੈੱਲਫੇਅਰ ਸੁਸਾਇਟੀ ਦੀ ਮੀਟਿੰਗ

ਮੀਟਿੰਗ 'ਚ ਨਸ਼ਿਆਂ ਦੇ ਮਾੜੇ ਪ੍ਰਭਾਵਾਂ 'ਤੇ ਹੋਈ ਚਰਚਾ

ਮੰਡੀ ਗੋਬਿੰਦਗੜ੍ਹ, 8 ਦਸੰਬਰ (ਪੱਤਰ ਪ੍ਰੇਰਕ)-ਪੈਨਸ਼ਨਰਜ਼ ਅਤੇ ਸੀਨੀਅਰ ਸਿਟੀਜ਼ਨ ਵੈੱਲਫੇਅਰ ਸੁਸਾਇਟੀ ਮੰਡੀ ਗੋਬਿੰਦਗੜ੍ਹ ਦੀ ਮਹੀਨਾਵਾਰ ਮੀਟਿੰਗ ਸੀਨੀਅਰ ਸਿਟੀਜ਼ਨ ਇੰਟਰਟੇਨ ਹੋਮ ਮੰਡੀ ਗੋਬਿੰਦਗੜ੍ਹ ਵਿਖੇ ਪ੍ਰਧਾਨ ਜੀਤ ਸਿੰਘ ਰਾਮਗੜ੍ਹ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਮੁੱਖ ਅਜੰਡਾ ਸਮਾਜਿਕ ਕੁਰੀਤੀਆਂ 'ਤੇ ਚਰਚਾ ਕੀਤੀ ਗਈ। ਵੱਖ-ਵੱਖ ਬੁਲਾਰਿਆਂ ਨੇ ਵਿਸ਼ੇ ਸੰਬੰਧੀ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਮਾਜ ਵਿਚ ਨਸ਼ਿਆਂ ਦਾ ਵੱਧ ਰਿਹਾ ਰੁਝਾਨ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਪੰਜਾਬ ਦੀ ਨੌਜਵਾਨੀ ਨਸ਼ਿਆਂ ਦੀ ਭੇਟ ਚੜ੍ਹ ਰਹੀ ਹੈ, ਘਰਾਂ ਦੇ ਚਿਰਾਗ ਬੁੱਝ ਰਹੇ ਹਨ, ਇਸ ਤੋਂ ਇਲਾਵਾ ਨਸ਼ੇ ਦੀ ਗ੍ਰਿਫ਼ਤ 'ਚ ਫਸੇ ਨੌਜਵਾਨ ਆਪਣੇ ਨਸ਼ੇ ਦੀ ਪੂਰਤੀ ਲਈ ਕੋਈ ਅਪਰਾਧ ਕਰਨ ਤੋਂ ਨਹੀਂ ਝਿਜਕਦੇ ਅਤੇ ਨਸ਼ੇ ਕਾਰਨ ਘਰੇਲੂ ਕਲੇਸ਼ ਦੀਆਂ ਘਟਨਾਵਾਂ ਵੀ ਵੱਧ ਰਹੀਆਂ ਹਨ। ਇਸ ਲਈ ਸਾਨੂੰ ਆਪਣੇ ਬੱਚਿਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਬਚਾਉਣ ਲਈ ਉਨ੍ਹਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੀਆਂ ਰੋਜ਼ਮਰਾ ਦੀਆਂ ਗਤੀਵਿਧੀਆਂ 'ਤੇ ਵੀ ਨਜ਼ਰ ਰੱਖਣੀ ਚਾਹੀਦੀ ਹੈ। ਇਸ ਮੀਟਿੰਗ ਵਿਚ ਗੁਰਬਖਸ਼ ਸਿੰਘ ਸੰਗਤਪੁਰਾ, ਰਾਜਿੰਦਰ ਸਿੰਘ ਨਸਰਾਲੀ ਜੇ.ਈ, ਬਹਾਦਰ ਸਿੰਘ ਬਰਾੜ, ਬੀ.ਪੀ ਸ਼ਰਮਾ ਖਜਾਨਚੀ, ਦੀਦਾਰ ਸਿੰਘ, ਜੱਗੀ ਰਾਮ, ਸੋਹਣ ਸਿੰਘ, ਕ੍ਰਿਸ਼ਨ ਧੀਮਾਨ, ਵਿਪਨ ਕੁਮਾਰ ਤੋਂ ਇਲਾਵਾ ਹੋਰ ਮੈਂਬਰ ਵੀ ਹਾਜ਼ਰ ਸਨ।

ਸ਼ਹੀਦੀ ਪੰਦਰ੍ਹਵਾੜਾ ਨੂੰ ਦੇਖਦੇ ਹੋਏ ਚੋਣ ਕਮਿਸ਼ਨ ਨੂੰ ਨਗਰ ਕੌਂਸਲ ਚੋਣਾਂ ਅੱਗੇ ਪਾਉਣੀਆਂ ਚਾਹੀਦੀਆਂ ਹਨ-ਰਾਜੂ ਖੰਨਾ

ਅਮਲੋਹ, 8 ਦਸੰਬਰ (ਕੇਵਲ ਸਿੰਘ)-'ਆਪ' ਦੀ ਪੰਜਾਬ ਸਰਕਾਰ ਤੇ ਚੋਣ ਕਮਿਸ਼ਨ ਪੰਜਾਬ ਵਲੋਂ ਜੋ ਅੱਜ ਨਗਰ ਨਿਗਮ ਤੇ ਨਗਰ ਕੌਂਸਲ ਚੋਣਾਂ ਦਾ ਐਲਾਨ 21 ਦਸੰਬਰ ਨੂੰ ਕਰਵਾਉਣ ਦਾ ਐਲਾਨ ਕੀਤਾ ਗਿਆ ਹੈ। ਉਹ ਸ਼ਹੀਦੀ ਪੰਦਰ੍ਹਵਾੜੇ ਦੇ ਸ਼ੋਕਮਈ ਦਿਨਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਚੋਣਾਂ ਅੱਗੇ ਪਾਉਣੀਆਂ ਚਾਹੀਦੀਆਂ ਹਨ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਹਲਕਾ ਅਮਲੋਹ ਦੇ ਇੰਚਾਰਜ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਭਾਵੇਂ ਸ਼ਹੀਦੀ ਪੰਦਰ੍ਹਵਾੜੇ ਨੂੰ ਲੈ ਕੇ ਪੰਜਾਬ ਦੀ ਹਰੇਕ ਰਾਜਸੀ ਪਾਰਟੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡ. ਹਰਜਿੰਦਰ ਸਿੰਘ ਧਾਮੀ ਵਲੋਂ ਪੰਜਾਬ ਦੇ ਚੋਣ ਕਮਿਸ਼ਨ ਨੂੰ ਮਿਲ ਕੇ ਮੰਗ ਪੱਤਰ ਦੇ ਕੇ ਇਹ ਨਗਰ ਕੌਂਸਲ ਤੇ ਨਗਰ ਨਿਗਮ ਚੋਣਾਂ ਅੱਗੇ ਕਰਵਾਉਣ ਲਈ ਅਪੀਲ ਕੀਤੀ ਗਈ ਸੀ ਪਰ ਉਸ ਵੱਲ ਸਰਕਾਰ ਤੇ ਚੋਣ ਕਮਿਸ਼ਨ ਪੰਜਾਬ ਵਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ ਤੇ 21 ਦਸੰਬਰ ਚੋਣਾਂ ਦਾ ਐਲਾਨ ਕਰ ਦਿੱਤਾ ਗਿਆ ਜੋ ਕਿ ਨਹੀਂ ਕਰਨਾ ਚਾਹੀਦਾ ਸੀ। ਰਾਜੂ ਖੰਨਾ ਨੇ ਕਿਹਾ ਇਸ ਸ਼ਹੀਦੀ ਪੰਦਰ੍ਹਵਾੜਾ ਨਾਲ ਸਮੁੱਚੀਆਂ ਸੰਗਤਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ ਤੇ ਹਰ ਰੋਜ਼ ਸੰਗਤਾਂ ਨਗਰ ਕੀਰਤਨ ਸਜਾ ਕਿ ਸ੍ਰੀ ਚਮਕੌਰ ਸਾਹਿਬ ਤੇ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਪੁੱਜ ਰਹੀਆਂ ਹਨ। ਰਾਜੂ ਖੰਨਾ ਨੇ ਕਿਹਾ ਕਿ ਇਹ ਚੋਣਾਂ ਤੁਰੰਤ ਸ਼ਹੀਦੀ ਪੰਦਰ੍ਹਵਾੜੇ ਨੂੰ ਦੇਖਦੇ ਹੋਏ ਅੱਗੇ ਪਾਉਣੀਆਂ ਚਾਹੀਦੀਆਂ ਹਨ, ਪਰ ਫਿਰ ਵੀ ਸ਼੍ਰੋਮਣੀ ਅਕਾਲੀ ਦਲ ਇਨ੍ਹਾਂ ਨਗਰ ਕੌਂਸਲ ਤੇ ਨਗਰ ਨਿਗਮ ਦੀਆਂ ਚੋਣਾਂ ਲੜਨ ਲਈ ਤਿਆਰ ਬਰ ਤਿਆਰ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਇਨ੍ਹਾਂ ਚੋਣਾਂ ਲਈ ਜੋ ਸਮਾਂ ਦਿੱਤਾ ਗਿਆ ਹੈ, ਉਹ ਵੀ ਘੱਟ ਦਿਨਾਂ ਦਾ ਦਿੱਤਾ ਗਿਆ ਹੈ।

ਵਰ੍ਹੇਗੰਢ ਮਨਾਈ

ਬਹਾਦਰ ਖ਼ਾਨ ਅਤੇ ਅਮੀਨਾ ਬੇਗ਼ਮ ਵਾਸੀ ਮੂਲੇਪੁਰ ਨੇ ਵਿਆਹ ਦੀ 21ਵੀਂ ਵਰ੍ਹੇਗੰਢ ਮਨਾਈ।

ਰਵਿੰਦਰਪਾਲ ਸਿੰਘ ਬੇਦੀ ਤੇ ਜਤਿੰਦਰ ਕੌਰ ਨੂੰ ਵਿਆਹ ਦੀ 19ਵੀਂ ਵਰ੍ਹੇਗੰਢ ਮਨਾਈ।

ਹਰਿੰਦਰਜੀਤ ਸਿੰਘ ਅਤੇ ਦਲਜੀਤ ਕੌਰ ਪਿੰਡ ਮਾਲੋਵਾਲ ਨੇ ਵਿਆਹ ਦੀ 10ਵੀਂ ਵਰ੍ਹੇਗੰਢ ਮਨਾਈ।

ਬਸੀ ਪਠਾਣਾਂ ਵਿਖੇ ਮੀਟਿੰਗ ਦੌਰਾਨ ਪ੍ਰਧਾਨ ਲਖਵੀਰ ਸਿੰਘ ਥਾਬਲ ਨਾਲ ਹੋਰ ਸ਼ੈਲਰ ਮਾਲਕ। ਅਜੀਤ ਤਸਵੀਰ

ਪੰਜਾਬ ਸਰਕਾਰ ਛੋਟੇ ਸ਼ੈਲਰ ਮਾਲਕਾਂ ਨੂੰ ਬਰਬਾਦ ਕਰਨਾ ਚਾਹੁੰਦੀ ਹੈ-ਲਖਵੀਰ ਥਾਬਲ

ਮੀਟਿੰਗ ਦੌਰਾਨ ਚੌਲ ਸਟੋਰ ਕਰਨ ਲਈ ਥਾਂ ਨੂੰ ਲੈ ਕੇ ਕੀਤੀ ਸੋਧ ਦਾ ਹੋਇਆ ਵਿਰੋਧ

ਬਸੀ ਪਠਾਣਾਂ, 8 ਦਸੰਬਰ (ਮੌਦਗਿਲ)-ਰਾਈਸ ਮਿਲਰਜ਼ ਐਸੋਸੀਏਸ਼ਨ ਬਸੀ ਪਠਾਣਾਂ ਦੀ ਮੀਟਿੰਗ ਪ੍ਰਧਾਨ ਲਖਵੀਰ ਸਿੰਘ ਥਾਬਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਹਾਜ਼ਰ ਮੈਂਬਰਾਂ ਵਲੋਂ ਪੰਜਾਬ ਸਰਕਾਰ ਦੇ ਉਸ ਫ਼ੈਸਲੇ ਦਾ ਵਿਰੋਧ ਕੀਤਾ ਗਿਆ, ਜਿਸ ਵਿਚ ਐਫ.ਸੀ.ਆਈ. ਨੂੰ ਪੱਤਰ ਲਿਖ ਕੇ ਵਿੰਗਜ਼ ਪੋਰਟਲ ਤੇ ਪੈਡੀ ਅਲਾਟਮੈਂਟ ਮੁਤਾਬਿਕ ਆਉਣ ਵਾਲੇ ਸਾਲ 2024-25 ਦੇ ਸੀਜ਼ਨ ਵਿਚ ਵੱਡੇ ਸ਼ੈਲਰ ਮਾਲਕਾਂ ਨੂੰ ਚਾਵਲ ਸਟੋਰ ਕਰਨ ਲਈ ਜ਼ਿਆਦਾ ਥਾਂ ਦੇਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਲਖਵੀਰ ਸਿੰਘ ਥਾਬਲ ਨੇ ਦੱਸਿਆ ਕਿ ਪੰਜਾਬ ਸਰਕਾਰ ਦਾ ਫ਼ੈਸਲਾ ਛੋਟੇ ਸ਼ੈਲਰ ਮਾਲਕਾਂ ਨੂੰ ਬਰਬਾਦ ਕਰ ਦੇਵੇਗਾ। ਪੰਜਾਬ ਸਰਕਾਰ ਵਲੋਂ ਐਫ.ਸੀ.ਆਈ. ਨੂੰ ਲਿਖੀ ਚਿੱਠੀ ਮੁਤਾਬਿਕ 5 ਹਜ਼ਾਰ ਮੀਟ੍ਰਿਕ ਟਨ ਚੌਲ ਸਟੋਰ ਕਰਨ ਵਾਲੇ ਸ਼ੈਲਰ ਨੂੰ 1 ਸਟੈਕ (ਚੱਕਾ) 3480 ਬੋਰੀ, 5 ਤੋਂ 10 ਹਜ਼ਾਰ ਤੱਕ ਲਈ 2, 10 ਤੋਂ 15 ਹਜ਼ਾਰ ਲਈ 3 ਅਤੇ 15 ਹਜ਼ਾਰ ਮੀਟਰਕ ਟਨ ਤੋਂ ਉੱਪਰ ਸਟੋਰ ਕਰਨ ਵਾਲੇ ਨੂੰ 4 ਗੁਣਾ ਸਟਾਕ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਲੰਘੇ ਸੀਜ਼ਨ ਦੌਰਾਨ ਕਿਸਾਨਾਂ ਵਲੋਂ ਕੁਝ ਸ਼ੈਲਰ ਮਾਲਕਾਂ 'ਤੇ ਪ੍ਰਤੀ ਬੋਰੀ 200 ਤੋਂ 300 ਰੁਪਏ ਕੱਟ ਲਾਉਣ ਦੇ ਇਲਜ਼ਾਮ ਲਾਏ ਸਨ। ਹੁਣ ਸਰਕਾਰ ਅਜਿਹੇ ਸ਼ੈਲਰ ਮਾਲਕਾਂ ਦੀ ਮਦਦ ਕਰ ਰਹੀ ਹੈ, ਜਦਕਿ ਇਸ ਫ਼ੈਸਲੇ ਨਾਲ ਛੋਟੇ ਸ਼ੈਲਰਾਂ ਨੂੰ ਵੱਡਾ ਆਰਥਕ ਨੁਕਸਾਨ ਝੱਲਣਾ ਪਵੇਗਾ। ਉਨ੍ਹਾਂ ਪੰਜਾਬ ਸਰਕਾਰ ਨੂੰ ਇਸ ਫ਼ੈਸਲੇ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ। ਇਸ ਮੌਕੇ ਜਥੇਬੰਦੀ ਦੇ ਕੈਸ਼ੀਅਰ ਮਨੀਸ਼ ਜਿੰਦਲ, ਜਸਪਾਲ ਸਿੰਘ, ਨਰਿੰਦਰ ਸਿੰਘ, ਪ੍ਰਲਾਦ ਸਿੰਘ, ਅੰਮ੍ਰਿਤਪਾਲ ਸਿੰਘ, ਸੰਜੇ ਜਿੰਦਲ, ਰੋਹਿਤ ਗੁਪਤਾ, ਜਗਦੀਸ਼ ਮੜਕਨ, ਸੰਦੀਪ ਧੀਰ ਆਦਿ ਮੌਜੂਦ ਸਨ।

ਸੀਨੀਅਰ ਸਿਟੀਜ਼ਨ ਸੇਵਾ ਮੁਕਤ ਵੈੱਲਫੇਅਰ ਐਸੋਸੀਏਸ਼ਨ ਖਮਾਣੋਂ ਦੀ ਮਹੀਨਾਵਾਰ ਦੌਰਾਨ ਹਾਜ਼ਰ ਅਹੁਦੇਦਾਰ ਤੇ ਮੈਂਬਰ ਸਾਹਿਬਾਨ। ਤਸਵੀਰ: ਜੋਗਿੰਦਰ ਪਾਲ

ਸੀਨੀਅਰ ਸਿਟੀਜ਼ਨ (ਸੇਵਾ ਮੁਕਤ) ਵੈੱਲਫੇਅਰ ਐਸੋਸੀਏਸ਼ਨ ਖਮਾਣੋਂ ਦੀ ਮਹੀਨਾਵਾਰ ਮੀਟਿੰਗ

ਖਮਾਣੋਂ, 8 ਦਸੰਬਰ (ਜੋਗਿੰਦਰ ਪਾਲ)-ਸੀਨੀਅਰ ਸਿਟੀਜ਼ਨ (ਸੇਵਾ ਮੁਕਤ) ਵੈੱਲਫੇਅਰ ਐਸੋਸੀਏਸ਼ਨ ਖਮਾਣੋਂ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਦਿਲਬਾਰਾ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਜਾਣਕਾਰੀ ਦਿੰਦਿਆਂ ਪ੍ਰੈੱਸ ਸਕੱਤਰ ਜਸਵੰਤ ਸਿੰਘ ਚੜ੍ਹੀ ਨੇ ਦੱਸਿਆ ਕਿ ਇਹ ਮੀਟਿੰਗ ਪ੍ਰਿੰਸੀਪਲ ਬਲੌਰ ਸਿੰਘ ਬੋਪਾਰਾਏ ਸਟੇਟ ਅਵਾਰਡੀ ਦੇ ਗ੍ਰਹਿ ਵਿਖੇ ਕੀਤੀ ਗਈ ਜਿੱਥੇ ਉਨ੍ਹਾਂ ਦੇ ਸਪੁੱਤਰ ਅਮਰਿੰਦਰ ਸਿੰਘ ਮੌਲਾ ਵਲੋਂ ਸਾਰੇ ਮੈਂਬਰਾਂ ਨੂੰ ਜੀ ਆਇਆਂ ਕਿਹਾ ਗਿਆ। ਮੀਟਿੰਗ ਦੌਰਾਨ ਡਾ. ਨਰੇਸ਼ ਚੌਹਾਨ ਸੇਵਾ ਮੁਕਤ ਐਸ.ਐਮ.ਓ. ਨੂੰ ਐਸੋਸੀਏਸ਼ਨ ਦਾ ਮੈਂਬਰ ਬਣਨ 'ਤੇ ਸਵਾਗਤ ਕੀਤਾ ਅਤੇ ਐਸੋਸੀਏਸ਼ਨ ਵਲੋਂ ਜਗੀਰ ਸਿੰਘ ਗਰਚਾ ਦੀ ਧਰਮ ਪਤਨੀ ਜਸਵੰਤ ਕੌਰ ਗਰਚਾ ਦੇ ਅਕਾਲ ਚਲਾਣੇ 'ਤੇ ਵੀ ਦੁੱਖ ਪ੍ਰਗਟ ਕੀਤਾ। ਉਨ੍ਹਾਂ ਦੱਸਿਆ ਕਿ ਸਰਕਾਰ ਵਲੋਂ ਕੰਨਟੈਪਟ ਪਟੀਸ਼ਨ ਨੰ-3526 ਆਫ਼ 2024 ਦੀ ਸੁਣਵਾਈ ਸਮੇਂ ਪੈਨਸ਼ਨਰਾਂ ਦੇ ਸਾਢੇ ਪੰਜ ਸਾਲ ਦੇ ਪੈਨਸ਼ਨਾਂ ਸੋਧਣ ਦੇ ਬਕਾਏ ਤੇ ਮਹਿੰਗਾਈ ਭੱਤੇ ਦੇ ਬਕਾਏ ਦੀ ਅਦਾਇਗੀ ਸਬੰਧੀ ਜੋ ਪਲਾਨ ਦਾਇਰ ਹਲਫ਼ੀਆ ਬਿਆਨ ਦੀ ਸ਼ਕਲ ਵਿਚ ਪੇਸ਼ ਕੀਤਾ ਗਿਆ ਹੈ, ਉਹ ਸਰਕਾਰ ਦੀ ਪੈਨਸ਼ਨਰਾਂ/ਸੀਨੀਅਰ ਸਿਟੀਜ਼ਨ ਪ੍ਰਤੀ ਰਵੱਈਏ ਦੀ ਭੱਦੀ ਤਸਵੀਰ ਪੇਸ਼ ਕਰਦਾ ਹੈ, ਕਿਉਂਕਿ ਸਰਕਾਰ ਵਲੋਂ ਬਕਾਏ ਨੂੰ ਪੈਨਸ਼ਨਰਾਂ ਦੀਆਂ ਕਈ ਕੈਟਾਗਰੀਆਂ ਬਣਾ ਕੇ 3, 12 ਅਤੇ 42 ਮਹੀਨਾਵਾਰ ਕਿਸ਼ਤਾਂ ਭਾਵ ਚਾਰ ਸਾਲਾਂ ਵਿਚ ਥੋੜ੍ਹਾ ਥੋੜ੍ਹਾ ਕਰਕੇ ਅਦਾ ਕਰਨ ਦੀ ਕੋਜੀ ਚਾਲ ਹੈ, ਜਿਸ ਦੀ ਜਿੰਨੀ ਨਿਖੇਧੀ ਕੀਤੀ ਜਾਵੇ ਥੋੜ੍ਹੀ ਹੈ। ਇਸ ਮੌਕੇ ਬਲੌਰ ਸਿੰਘ ਬੋਪਾਰਾਏ, ਹਰਬੰਸ ਸਿੰਘ ਧਾਰਨੀ, ਲਾਭ ਸਿੰਘ ਘੁਮਾਣ, ਰਾਮ ਮੂਰਤੀ ਸ਼ਰਮਾ, ਗੁਰਦੇਵ ਸਿੰਘ ਜਟਾਣਾ, ਅਜਾਇਬ ਸਿੰਘ ਖਮਾਣੋਂ, ਅਜਾਇਬ ਸਿੰਘ ਭਾਂਬਰੀ, ਕਰਤਾਰ ਸਿੰਘ ਜਟਾਣਾ, ਭਗਤ ਸਿੰਘ ਪੰਜਕੋਹਾ, ਭੁਪਿੰਦਰ ਸਿੰਘ ਖਮਾਣੋਂ, ਰਘਵੀਰ ਸਿੰਘ ਧਿਆਨੂੰ ਮਾਜਰਾ, ਹਰਜਿੰਦਰ ਸਿੰਘ ਕਾਲੇਵਾਲ, ਭਿੰਦਰ ਸਿੰਘ ਮੋਹਣ ਮਾਜਰਾ, ਰਮੇਸ਼ ਕੁਮਾਰ ਭੜੀ, ਸੁਰਿੰਦਰ ਪਾਲ ਸਿੰਘ, ਸਤਿਨਾਮ ਸਿੰਘ ਅਮਰਾਲਾ ਹਾਜ਼ਰ ਸਨ।

ਬਸੀ ਪਠਾਣਾਂ ਵਿਖੇ ਭਾਵਿਪ ਅਹੁਦੇਦਾਰ ਅਧਿਆਪਕਾਂ ਤੇ ਵਿਦਿਆਰਥੀਆਂ ਦਾ ਸਨਮਾਨ ਕਰਦੇ ਹੋਏ। ਤਸਵੀਰ: ਮੌਦਗਿਲ

ਭਾਵਿਪ ਵਲੋਂ ਕਾਬਲੀਅਤ ਦਾ ਲੋਹਾ ਮਨਵਾਉਣ ਵਾਲੇ ਗੁਰੂਆਂ ਤੇ ਚੇਲਿਆਂ ਦਾ ਸਨਮਾਨ

ਬਸੀ ਪਠਾਣਾਂ, 8 ਦਸੰਬਰ (ਯਤਿੰਦਰ ਮੌਦਗਿਲ)-ਭਾਰਤ ਵਿਕਾਸ ਪ੍ਰੀਸ਼ਦ ਬਸੀ ਪਠਾਣਾਂ ਵਲੋਂ ਪ੍ਰਧਾਨ ਮਨੋਜ ਭੰਡਾਰੀ ਦੀ ਅਗਵਾਈ ਹੇਠ ਸੰਤ ਨਾਮਦੇਵ ਮੰਦਿਰ ਵਿਖੇ ਗੁਰੂ ਵੰਦਨ, ਛਾਤਰ ਅਭਿਨੰਦਨ ਪ੍ਰੋਜੈਕਟ ਤਹਿਤ ਸਮਾਗਮ ਕਰਵਾਇਆ ਗਿਆ। ਜਿਸ ਵਿਚ ਆਪਣੀ ਕਾਬਲੀਅਤ ਦਾ ਲੋਹਾ ਮਨਵਾਉਣ ਵਾਲੇ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਪ੍ਰਧਾਨ ਮਨੋਜ ਭੰਡਾਰੀ ਨੇ ਦੱਸਿਆ ਕਿ ਇਹ ਬੇਹੱਦ ਅਹਿਮ ਪ੍ਰੋਜੈਕਟ ਹੈ, ਜਿਸ ਦਾ ਮੁੱਖ ਮਕਸਦ ਜਿੱਥੇ ਵਧੀਆ ਕਾਰਗੁਜ਼ਾਰੀ ਵਾਲੇ ਮਿਹਨਤਕਸ਼ ਅਧਿਆਪਕਾਂ ਦੀ